بِسۡمِ اللّٰہِ الرَّحۡمٰنِ الرَّحِیۡمِ          نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ          وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.08.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਜ਼ੁਬੈਰ ਬਿਨ ਅਵਾਮ ਰਜ਼ੀ ਅਲੱਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਅਗਸਤ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔
اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ ۬ۙ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿਸ ਸਹਾਬੀ ਦਾ ਜ਼ਿਕਰ ਹੋਵੇਗਾ ਉਹਨਾਂ ਦਾ ਨਾਂ ਹਜ਼ਰਤ ਜ਼ੁਬੈਰ ਬਿਨ ਅਵਾਮ ਹੈ । ਹਜ਼ਰਤ ਜ਼ੁਬੈਰ ਦੇ ਪਿਤਾ ਦਾ ਨਾਂ ਅਵਾਮ ਬਿਨ ਖ਼ਵੀਲਦ ਸੀ ਅਤੇ ਮਾਤਾ ਦਾ ਨਾਂ ਸਫ਼ੀਆ ਬਿੰਤ ਅਬਦੁਲ ਮੁਤਲਿਬ ਸੀ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਭੂਆ ਸਨ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਪਤਨੀ ਹਜ਼ਰਤ ਖ਼ੁਦੈਜਾ ਰਜ਼ੀ ਅਲੱਲਾਹ ਅਨਹਾ ਦੇ ਭਤੀਜੇ ਸਨ । ਹਜ਼ਰਤ ਜੁਬੈਦ ਦਾ ਵਿਆਹ ਹਜ਼ਰਤ ਅਬੂਬਕਰ ਦੀ ਬੇਟੀ ਹਜ਼ਰਤ ਅਸਮਾਅ ਨਾਲ ਹੋਇਆ ਸੀ । ਇਉਂ ਹਜ਼ਰਤ ਜੁਬੈਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਹਮਜ਼ੁਲਫ਼ (ਸਾਂਢੂ) ਵੀ ਸਨ । ਹਜ਼ਰਤ ਜ਼ੁਬੈਰ ਨੇ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੇ ਬਾਦ ਇਸਲਾਮ ਕੁਬੂਲ ਕੀਤਾ । ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚ ਉਹ ਚੌਥੇ ਜਾਂ ਪੰਜਵੇਂ ਵਿਅਕਤੀ ਸਨ । ਹਜ਼ਰਤ ਜ਼ੁਬੈਰ ਨੇ ਬਾਰ੍ਹਾਂ ਸਾਲ ਅਤੇ ਕਈ ਰਿਵਾਇਤਾਂ ਅਨੁਸਾਰ ਅੱਠ ਜਾਂ ਸੋਲ੍ਹਾਂ ਸਾਲ ਦੀ ਉਮਰ ਵਿੱਚ ਇਸਲਾਮ ਕੁਬੂਲ ਕੀਤਾ । ਹਜ਼ਰਤ ਜ਼ੁਬੈਰ ਉਹਨਾ ਦੱਸ ਖ਼ੁਸ਼ ਕਿਸਮਤ ਸਹਾਬਾਂ ਵਿੱਚੋਂ ਸਨ ਜਿੰਨ੍ਹਾ ਨੂੰ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਜੀਵਨ ਕਾਲ ਵਿੱਚ ਹੀ ਸਵਰਗ ਦੀ ਖ਼ੁਸ਼ਖ਼ਬਰੀ ਦੇ ਦਿੱਤੀ ਸੀ ਅਤੇ ਉਹਨਾ ਛੇ ਅਸਹਾਬੇ ਸ਼ੂਰਾ (ਪਰਾਮਰਸ਼ ਦੇਣ ਵਾਲੇ ਛੇ ਸਹਾਬੀਆਂ) ਵਿੱਚੋਂ ਇਕ ਸਨ, ਜਿੰਨ੍ਹਾ ਨੂੰ ਹਜ਼ਰਤ ਉਮਰ ਨੇ ਆਪਣੇ ਦੇਹਾਂਤ ਤੋਂ ਪਹਿਲਾਂ ਅਗਲਾ ਖ਼ਲੀਫ਼ਾ ਚੁਣਨ ਕਰਨ ਲਈ ਨਿਰਧਾਰਤ ਕੀਤਾ ਸੀ ।

ਜੱਦ ਹਜ਼ਰਤ ਜ਼ੁਬੈਰ ਨੇ ਇਸਲਾਮ ਕੁਬੂਲ ਕਰ ਲਿਆ ਤਾਂ ਆਪ ਦੇ ਚਾਚਾ ਆਪ ਨੂੰ ਇਕ ਚਟਾਈ ਵਿੱਚ ਲਪੇਟਕੇ ਧੂੰਆਂ ਦਿੰਦੇ ਸਨ ਤਾਂ ਜੋ ਉਹ ਇਸਲਾਮ ਛਡੱਕੇ ਕੁਫ਼ਰ ਵੱਲ ਪਰਤ ਜਾਣ ਪਰ ਆਪ ਇਹੋ ਕਹਿੰਦੇ ਸਨ ਕਿ ਹੁਣ ਮੈਂ ਕੁਫ਼ਰ ਵੱਲ ਨਹੀਂ ਪਰਤਾਂਗਾ ।

ਹਜ਼ਰਤ ਜ਼ੁਬੈਰ ਹਬਸ਼ੇ ਵੱਲ ਦੋਹਾਂ ਹਿਜਰਤਾਂ ਵਿੱਚ ਸ਼ਾਮਲ ਹੋਏ ਅਤੇ ਜੱਦ ਆਪ ਹਿਜਰਤ ਕਰਕੇ ਮਦੀਨੇ ਆਏ ਤਾਂ ਹਜ਼ਰਤ ਮੁੰਜ਼ਰ ਬਿਨ ਮੁਹਮੱਦ ਕੋਲ ਠਹਿਰੇ । ਹਜ਼ਰਤ ਅਸਮਾਅ ਰਜ਼ੀ ਅਲੱਾਹ ਅਨਹਾ ਜੋ ਹਜ਼ਰਤ ਜ਼ੁਬੈਰ ਬਿਨ ਅਵਾਮ ਦੀ ਪਤਨੀ ਸਨ ਉਹਨਾਂ ਤੋਂ ਰਿਵਾਇਤ ਹੈ ਕਿ ਜੱਦ ਮੈਂ ਮੱਕੇ ਤੋਂ ਹਿਜਰਤ ਕਰਨ ਲਈ ਰਵਾਨਾ ਹੋਈ ਤਾਂ ਮੈਂ ਗਰਭਵਤੀ ਸੀ, ਉਹ ਦਸੱਦੀ ਹਨ ਕਿ ਮੈਂ ਕਬਾ ਅਸਥਾਨ ਵਿੱਚ ਪੜ੍ਹਾਅ ਕੀਤਾ, ਅਬਦੁਲੱਾਹ ਬਿਨ ਜ਼ੁਬੈਰ ਉੱਥੇ ਪੈਦਾ ਹੋਇਆ, ਫਿਰ ਮੈਂ ਉਸਨੂੰ ਲੈਕੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਈ । ਆਪਨੇ ਇਸਨੂੰ ਆਪਣੀ ਗੋਦ ਵਿੱਚ ਲਿਆ ਫਿਰ ਇਸ ਬੱਚੇ ਦੇ ਮੂੰਹ ਵਿੱਚ ਆਪਣਾ ਲੁਆਬ (ਮੂੰਹ ਦੀ ਲਾਰ, ਥੁੱਕ) ਪਾਇਆ । ਪਹਿਲੀ ਚੀਜ਼ ਜੋ ਇਸਦੇ ਪੇਟ ਵਿੱਚ ਗਈ ਉਹ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਪਵਿੱਤਰ ਲੁਆਬ ਸੀ, ਫਿਰ ਆਪਨੇ ਖਜੂਰ ਨੂੰ ਚਬਾਕੇ ਇਸਦੇ ਮੂੰਹ ਵਿੱਚ ਪਾਇਆ ਅਤੇ ਇਸਦੇ ਲਈ ਬਰਕਤਾਂ ਦੀ ਦੁਆ ਕੀਤੀ ਅਤੇ ਇਹ ਪਹਿਲਾ ਬਚੱਾ ਸੀ ਜੋ ਇਸਲਾਮ ਵਿੱਚ ਪੈਦਾ ਹੋਇਆ । ਹਜ਼ਰਤ ਜ਼ੁਬੈਰ ਨੇ ਆਪਣੇ ਪੁਤੱਰਾਂ ਦੇ ਨਾਂ ਸ਼ਹੀਦਾਂ ਦੇ ਨਾਂ'ਤੇ ਰੱਖੇ ਤਾਂ ਜੋ ਸ਼ਾਇਦ ਰੱਬ ਉਹਨਾ ਨੂੰ ਸ਼ਹੀਦੀ ਦਾ ਮਾਣ ਨਸੀਬ ਕਰੇ ।

ਹਜ਼ਰਤ ਸਈਦ ਬਿਨ ਮੁਸੈਬ ਰਿਵਾਇਤ ਕਰਦੇ ਹਨ ਕਿ ਹਜ਼ਰਤ ਜ਼ੁਬੈਰ ਬਿਨ ਅਵਾਮ ਪਹਿਲੇ ਵਿਅਕਤੀ ਹਨ ਜਿੰਨ੍ਹਾ ਨੇ ਆਪਣੀ ਤਲਵਾਰ ਨੂੰ ਰੱਬ ਦੇ ਮਾਰਗ ਵਿੱਚ ਮਿਆਨ'ਚੋਂ ਬਾਹਰ ਕੱਢਿਆ ਸੀ । ਇਕ ਵਾਰ ਹਜ਼ਰਤ ਜ਼ੁਬੈਰ ਨੂੰ ਅਚਨਚੇਤ ਕਿਸੇ ਪਾਸਿਓਂ ਅਵਾਜ਼ ਆਈ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਕਤਲ ਕਰ ਦਿਤੱਾ ਗਿਆ ਹੈ ਉਹ ਝੱਟ ਆਪਣੀ ਤਲਵਾਰ ਲੈਕੇ ਨਿਕਲੇ । ਰਸਤੇ ਵਿੱਚ ਰਸੂਲੁਲੱਾਹ ਸਲਲੱਾਹ ਅਲੈਹਿ ਵਸਲਮ ਨੇ ਉਹਨਾ ਨੂੰ ਦੇਖ ਲਿਆ ਅਤੇ ਪੁੱਛਿਆ ਜ਼ੁਬੈਰ ਰੁੱਕ ਜਾਓ ! ਕੀ ਗੱਲ ਹੈ ? ਹਜ਼ਰਤ ਜ਼ੁਬੈਰ ਨੇ ਅਰਜ਼ ਕੀਤੀ ਮੈਂਨੂੰ ਇਕ ਅਵਾਜ਼ ਆਈ ਸੀ ਕਿ ਆਪ ਨੂੰ ਸ਼ਹੀਦ ਕਰ ਦਿਤੱਾ ਗਿਆ ਹੈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ ਫਿਰ ਤੁਸੀਂ ਕੀ ਕਰ ਸਕਦੇ ਸੀ ਜੇਕਰ ਮੈਂਨੂੰ ਸ਼ਹੀਦ ਕਰ ਦਿਤੱਾ । ਤਾਂ ਕਹਿਣ ਲੱਗੇ ਰੱਬ ਦੀ ਸਹੁੰ ਮੈਂ ਨਿਸ਼ਚਾ ਕੀਤਾ ਕਿ ਸਾਰੇ ਮੱਕੇ ਵਾਸੀਆਂ ਨੂੰ ਕਤਲ ਕਰ ਦਿਆਂ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਲਈ ਉਸੇ ਸਮੇਂ ਵਿਸ਼ੇਸ਼ ਦੁਆ ਕੀਤੀ । ਇਕ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਦੀ ਤਲਵਾਰ ਲਈ ਵੀ ਦੁਆ ਕੀਤੀ ।

ਹਜ਼ਰਤ ਜ਼ੁਬੈਰ ਬਦਰ ਦੀ ਜੰਗ ਤੇ ਉਹਦ ਦੀ ਜੰਗ ਦੇ ਨਾਲ ਨਾਲ ਸਾਰੀਆਂ ਜੰਗਾ ਵਿੱਚ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਰਹੇ । ਉਹਦ ਦੀ ਜੰਗ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਦ੍ਰਿੜ੍ਹਪੈਰ੍ਹੀਂ ਰਹੇ ਅਤੇ ਆਪ ਨਾਲ ਮੌਤ ਅਸਥਾਨ'ਤੇ ਬੈਅਤ ਕੀਤੀ । ਮੱਕੇ ਦੀ ਫ਼ਤਹ ਮੌਕੇ ਮੁਹਾਜਰਾਂ ਦੇ ਤਿੰਨ ਝੰਡਿਆਂ ਵਿੱਚੋਂ ਇਕ ਝੰਡਾ ਹਜ਼ਰਤ ਜ਼ੁਬੈਰ ਕੋਲ ਸੀ । ਬਦਰ ਦੇ ਦਿਨ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਕੇਵਲ ਦੋ ਘੋੜੇ ਸਨ ਜਿੰਨ੍ਹਾ ਵਿੱਚ ਇਕ'ਤੇ ਹਜ਼ਰਤ ਜ਼ੁਬੈਰ ਸਵਾਰ ਸਨ । ਬਦਰ ਦੀ ਜੰਗ ਵਿੱਚ ਹਜ਼ਰਤ ਜ਼ੁਬੈਰ ਨੇ ਜ਼ਰਦ (ਪੀਲੇ ਰੰਗ ਦੀ) ਪੱਗ ਬੰਨ੍ਹੀ ਹੋਈ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਦੇਖਕੇ ਫ਼ਰਮਾਇਆ ਕਿ ਫ਼ਰਿਸ਼ਤੇ ਜ਼ੁਬੈਰ ਨਾਲ ਰਲਦੇ ਮਿਲਦੇ ਉਤਰੇ ਹਨ । ਅਰਥਾਤ ਜੋ ਫ਼ਰਿਸ਼ਤੇ ਰੱਬ ਨੇ ਮਦਦ ਲਈ ਭੇਜੇ ਹਨ ਉਹ ਵੀ ਇਸੇ ਪੱਗ ਨਾਲ ਜੰਗ ਵਿੱਚ ਲੜ ਰਹੇ ਹਨ ।

ਹਜ਼ਰਤ ਜ਼ੁਬੈਰ ਕਹਿੰਦੇ ਸਨ ਕਿ ਬਦਰ ਦੀ ਜੰਗ ਦੇ ਦਿਨ ਉਬੈਦਹ ਬਿਨ ਸਈਦ ਨਾਲ ਮੇਰੀ ਮੁੱਠਭੇੜ ਹੋਈ ਅਤੇ ਉਸ ਨੇ ਹੱਥਿਆਰਾਂ ਨੂੰ ਪੂਰੀ ਤਰ੍ਹਾਂ ਸਜਾਇਆ ਹੋਇਆ ਸੀ, ਉਸ ਦੀਆਂ ਕੇਵਲ ਅਖੱਾਂ ਹੀ ਦਿਖਾਈ ਦਿੰਦੀਆਂ ਸਨ ਅਤੇ ਉਸਦੀ ਕੁਨੀਅਤ (ਗੋਤ) ਅਬੂਜ਼ਾਤੁਲ ਕਰਸ਼ ਸੀ ਉਹ ਕਹਿਣ ਲਗੱਾ ਮੈਂ ਅਬੂਜ਼ਾਤੁਲ ਕਰਸ਼ ਹਾਂ, ਇਹ ਸੁਣਦਿਆਂ ਹੀ ਮੈਂ ਉਸ'ਤੇ ਬਰਛੀ ਨਾਲ ਹਮਲਾ ਕਰ ਦਿਤੱਾ ਅਤੇ ਉਸਦੀ ਅੱਖ ਵਿੱਚ ਜ਼ਖ਼ਮ ਲਗੱਾ ਤਾਂ ਉਹ ਉੱਥੇ ਹੀ ਮਰ ਗਿਆ । ਹਜ਼ਰਤ ਜ਼ੁਬੈਰ ਕਹਿੰਦੇ ਸਨ ਕਿ ਮੈਂ ਆਪਣਾ ਪੈਰ੍ਹ ਉਸ'ਤੇ ਰਖੱਕੇ ਪੂਰਾ ਜ਼ੋਰ ਲਾਇਆ ਅਤੇ ਬਹੁਤ ਮੁਸ਼ਕਲ ਨਾਲ ਮੈਂ ਆਪਣੀ ਉਹ ਬਰਛੀ ਖਿਚੱਕੇ ਕੱਢੀ, ਉਸਦੇ ਦੋਵੇਂ ਕੰਢੇ ਮੁੜ ਗਏ ਸਨ । ਉਰਵਾਹ ਕਹਿੰਦੇ ਸਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ

ਵਸਲਮ ਨੇ ਉਹ ਬਰਛੀ ਹਜ਼ਰਤ ਜ਼ੁਬੈਰ ਤੋਂ ਤਲਬ ਕੀਤੀ ਤਾਂ ਉਹਨਾ ਨੇ ਆਪ ਨੂੰ ਪੇਸ਼ ਕਰ ਦਿੱਤੀ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਜ਼ੁਬੈਰ ਨੇ ਉਸਨੂੰ ਵਾਪਸ ਲੈ ਲਿਆ ਫਿਰ ਇਸ ਦੇ ਬਾਦ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੇ ਉਹ ਬਰਛੀ ਤਲਬ ਕੀਤੀ, ਹਜ਼ਰਤ ਜ਼ੁਬੈਰ ਨੇ ਉਹਨਾ ਨੂੰ ਦੇ ਦਿੱਤੀ । ਜੱਦ ਹਜ਼ਰਤ ਅਬੂਬਕਰ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਉਮਰ ਨੇ ਆਪ ਤੋਂ ਉਹ ਬਰਛੀ ਤਲਬ ਕਰ ਲਈ ਅਤੇ ਆਪ ਨੇ ਉਹਨਾ ਨੂੰ ਦੇ ਦਿੱਤੀ । ਜੱਦ ਹਜ਼ਰਤ ਉਮਰ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਜ਼ੁਬੈਰ ਨੇ ਵਾਪਸ ਲੈ ਲਈ । ਫਿਰ ਇਸ ਦੇ ਬਾਦ ਹਜ਼ਰਤ ਉਸਮਾਨ ਨੇ ਉਹਨਾ ਤੋਂ ਉਹ ਬਰਛੀ ਤਲਬ ਕੀਤੀ ਅਤੇ ਹਜ਼ਰਤ ਜ਼ੁਬੈਰ ਨੇ ਉਹਨਾ ਨੂੰ ਦੇ ਦਿੱਤੀ । ਜੱਦ ਹਜ਼ਰਤ ਉਸਮਾਨ ਸ਼ਹੀਦ ਹੋਏ ਤਾਂ ਉਹ ਹਜ਼ਰਤ ਅਲੀ ਦੇ ਪਰਿਵਾਰ ਨੂੰ ਮਿਲ ਗਈ । ਅਖ਼ੀਰ ਹਜ਼ਰਤ ਅਬਦੁਲੱਾਹ ਬਿਨ ਜ਼ੁਬੈਰ ਨੇ ਉਹਨਾ ਤੋਂ ਲੈ ਲਈ ਅਤੇ ਉਹ ਉਹਨਾਂ ਕੋਲ ਰਹੀ ਇੱਥੋਂ ਤੱਕ ਕਿ ਹਜ਼ਰਤ ਅਬਦੁਲੱਾਹ ਬਿਨ ਜ਼ੁਬੈਰ ਸ਼ਹੀਦ ਕਰ ਦਿੱਤੇ ਗਏ ।

ਹਜ਼ਰਤ ਜ਼ੁਬੈਰ ਬਿਨ ਅਵਾਮ ਬਿਆਨ ਕਰਦੇ ਹਨ ਕਿ ਉਹਦ ਦੀ ਜੰਗ ਦੇ ਦਿਨ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਮੇਰੇ ਲਈ ਆਪਣੇ ਮਾਂਪਿਆਂ ਨੂੰ ਜਮਾਂ ਕੀਤਾ ਅਰਥਾਤ ਮੈਂਥੋਂ ਇਉਂ ਫ਼ਰਮਾਇਆ ਕਿ ਮੇਰੇ ਮਾਂ ਬਾਪ ਤੁਹਾਡੇ'ਤੇ ਕੁਰਬਾਨ ਹੋਣ । ਹਜ਼ਰਤ ਜਾਬਰ ਬਿਨ ਅਬਦੁਲੱਾਹ ਤੋਂ ਰਿਵਾਇਤ ਹੈ ਕਿ ਖ਼ੰਦਕ ਦੀ ਜੰਗ ਦੇ ਮੌਕੇ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹਰ ਨਬੀ ਦਾ ਹਵਾਰੀ ਹੁੰਦਾ ਹੈ ਅਤੇ ਮੇਰੇ ਹਵਾਰੀ ਜ਼ੁਬੈਰ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਖ਼ੈਬਰ ਦੀ ਜੰਗ ਵਿੱਚ ਯਹੂਦ ਦਾ ਪ੍ਰਸਿੱਧ ਸਰਦਾਰ ਮਰਹਬ ਹਜ਼ਰਤ ਮੁਹਮੱਦ ਬਿਨ ਮੁਸਲਮਾ ਦੇ ਹੱਥੀਂ ਮਾਰਿਆ ਗਿਆ ਤਾਂ ਉਸਦਾ ਭਰਾ ਯਾਸਿਰ ਮੈਦਾਨ ਵਿੱਚ ਆਇਆ, ਉਸਨੇ ਨਾਰਾ ਬੁਲੰਦ ਕੀਤਾ ਕਿ ਕੌਣ ਹੈ ਜੋ ਮੇਰਾ ਮੁਕਾਬਲਾ ਕਰੇਗਾ । ਹਜ਼ਰਤ ਜ਼ੁਬੈਰ ਉਸਦੇ ਮੁਕਾਬਲੇ ਲਈ ਅੱਗੇ ਵਧੇ । ਹਜ਼ਰਤ ਸਫ਼ੀਆ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਅਰਜ਼ ਕੀਤੀ ਕਿ ਹੇ ਰਸੂਲੁਲੱਹ ! ਇਉਂ ਲਗੱਦਾ ਹੈ ਕਿ ਅੱਜ ਮੇਰੇ ਬੇਟੇ ਨੂੰ ਸ਼ਹੀਦੀ ਨਸੀਬ ਹੋਵੇਗੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਨਹੀਂ ਸਗੋਂ ਤੇਰਾ ਬੇਟਾ ਇਸ ਨੂੰ ਮਾਰੇਗਾ । ਹਜ਼ਰਤ ਜ਼ੁਬੈਰ, ਯਾਸਿਰ ਦੇ ਮੁਕਾਬਲੇ ਲਈ ਨਿਕਲੇ ਅਤੇ ਉਹ ਹਜ਼ਰਤ ਜ਼ੁਬੈਰ ਦੇ ਹੱਥੀਂ ਮਾਰਿਆ ਗਿਆ । ਹਜ਼ਰਤ ਜ਼ੁਬੈਰ ਤਿੰਨ੍ਹ ਲੋਕਾਂ ਵਿੱਚ ਸ਼ਾਮਲ ਸਨ ਜਿੰਨ੍ਹਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਉਸ ਇਸਤਰੀ ਦਾ ਪਤਾ ਲਾਉਣ ਲਈ ਭੇਜਿਆ ਸੀ ਜੋ ਕੁਫ਼ੱਾਰ ਲਈ ਹਜ਼ਰਤ ਹਾਤਿਬ ਬਿਨ ਅਬੀ ਬਲਤਾਤਾ ਦਾ ਪਤੱਰ ਲੈਕੇ ਜਾ ਰਹੀ ਸੀ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਹ ਅਨਹੁ ਹਜ਼ਰਤ ਜ਼ੁਬੈਰ ਦਾ ਦਾ ਵਾਕਿਆ ਬਿਆਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਮੱਕੇ ਦੀ ਫ਼ਤਹ ਦੇ ਮੌਕੇ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹੁਬੁਲ ਨਾਂ ਦੇ ਬੁੱਤ ਉਪੱਰ ਆਪਣੀ ਛੜੀ ਮਾਰੀ ਅਤੇ ਉਹ ਆਪਣੀ ਥਾਂ ਤੋਂ ਡਿਗੱਕੇ ਟੁੱਟ ਗਿਆ ਤਾਂ ਹਜ਼ਰਤ ਜ਼ੁਬੈਰ ਨੇ ਅਬੂ ਸੁਫ਼ਿਯਾਨ ਵੱਲ ਮੁਸਕਰਾਉਂਦਿਆਂ ਹੋਇਆਂ ਦੇਖਿਆ ਅਤੇ ਕਿਹਾ, ਅਬੂ ਸੁਫ਼ਿਯਾਨ ਚੇਤੇ ਹੈ ਉਹਦ ਦੇ ਦਿਨ ਜੱਦ ਮੁਸਲਮਾਨ ਜ਼ਖ਼ਮਾ ਤੋਂ ਚੂਰ ਇਕ ਪਾਸੇ ਖੜੇ ਹੋਏ ਸਨ ਤਾਂ ਤੁਸੀਂ ਆਪਣੇ ਹੰਕਾਰ ਵਿੱਚ ਇਹ ਐਲਾਨ ਕੀਤਾ ਸੀ ਕਿ 'ਆਲਾ ਹੁਬੁਲ' ਹੁਬੁਲ ਦੀ ਸ਼ਾਨ ਬੁਲੰਦ ਹੋਵੇ ਅਤੇ ਇਹ ਕਿ ਹੁਬੁਲ ਨੇ ਹੀ ਤੁਹਾਨੂੰ ਉਹਦ ਦੇ ਦਿਨ ਮੁਸਲਮਾਨਾ ਉਪੱਰ ਜਿੱਤ ਦਿੱਤੀ ਸੀ । ਅੱਜ ਦੇਖਦੇ ਹੋ ਸਾਹਮਣੇ ਹੁਬੁਲ ਦੇ ਟੋਟੇ ਪਏ ਹੋਏ ਹਨ । ਅਬੂ ਸੁਫ਼ਿਯਾਨ ਨੇ ਕਿਹਾ, ਜ਼ੁਬੈਰ ਇਹ ਗਲੱਾਹ ਹੁਣ ਜਾਣ ਦਿਓ । ਅੱਜ ਸਾਨੂੰ ਚੰਗੀ ਤਰ੍ਹਾਂ ਦਿਖਾਈ ਦੇ ਰਿਹਾ ਹੈ ਕਿ ਜੇਕਰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਖ਼ੁਦਾ ਤੋਂ ਬਿਨਾ ਕੋਈ ਹੋਰ ਖ਼ੁਦਾ ਵੀ ਹੁੰਦਾ ਤਾਂ ਅੱਜ ਜੋ ਕੁਝ ਅਸੀਂ ਦੇਖ ਰਹੇ ਹਾਂ ਇਸ ਪ੍ਰਕਾਰ ਕਦੇ ਨ ਹੁੰਦਾ । ਸੋ ਇਹੋ ਰੱਬ ਹੈ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਰੱਬ ਹੈ ।

ਸ਼ਾਮ (ਹੁਣ ਸੀਰਿਆ) ਦੀ ਫ਼ਤਹ ਦੇ ਬਾਦ ਹਜ਼ਰਤ ਉਮੱਰੋ ਬਿਨ ਆਸ ਦੀ ਅਗਵਾਈ ਵਿੱਚ ਮਿਸਰ ਉਪੱਰ ਹਮਲਾ ਹੋਇਆ । ਮੁਸਲਮਾਨਾ ਨੇ ਫ਼ਸਤਾਤ ਸ਼ਹਿਰ ਦਾ ਘੇਰਾ ਕਰ ਲਿਆ । ਹਜ਼ਰਤ ਉਮੱਰੋ ਬਿਨ ਆਸ ਨੇ ਕਿਲੇ ਦੀ ਮਜ਼ਬੂਤੀ ਅਤੇ ਫ਼ੌਜ ਦੀ ਥੁੜ ਨੂੰ ਦੇਖਿਆ ਤਾਂ ਹਜ਼ਰਤ ਉਮਰ ਤੋਂ ਜੱਥਾ ਰਵਾਨਾ ਕਰਨ ਲਈ ਬਿਨਤੀ ਕੀਤੀ । ਹਜ਼ਰਤ

ਉਮਰ ਨੇ ਦੱਸ ਹਜ਼ਾਰ ਦੀ ਫ਼ੌਜ ਅਤੇ ਚਾਰ ਅਫ਼ਸਰ ਭਿਜਵਾਏ । ਫ਼ਰਮਾਇਆ ਇਹਨਾ ਵਿੱਚੋਂ ਇਕ ਅਫ਼ਸਰ ਇਕ ਹਜ਼ਾਰ ਦੇ ਬਰਾਬਰ ਹੈ । ਇਹਨਾਂ ਵਿੱਚੋਂ ਇਕ ਹਜ਼ਰਤ ਜ਼ੁਬੈਰ ਸਨ । ਹਜ਼ਰਤ ਉਮਰੋ ਬਿਨ ਆਸ ਨੇ ਘੇਰੇ ਦੇ ਪ੍ਰਬੰਧ ਇਹਨਾ ਦੇ ਸੁਪੁਰਦ ਕਰ ਦਿੱਤੇ । ਸੱਤ ਮਹੀਨਿਆਂ ਤੱਕ ਘੇਰਾ ਚਲਦਾ ਰਿਹਾ । ਹਜ਼ਰਤ ਜ਼ੁਬੈਰ ਇਕ ਦਿਨ ਆਖਣ ਲੱਗੇ ਕਿ ਅੱਜ ਮੈਂ ਮੁਸਲਮਾਨਾ'ਤੇ ਫ਼ਿਦਾ ਹੁੰਦਾ ਹਾਂ ਇਹ ਆਖਕੇ ਆਪਣੀ ਤਲਵਾਰ ਧੂਹ ਲਈ ਅਤੇ ਪੌੜੀਆਂ ਲਗਾਕੇ ਕੰਧ'ਤੇ ਚੜ੍ਹ ਗਏ । ਕੁਝ ਸਾਹਬੀਆਂ ਨੇ ਆਪਦਾ ਸਾਥ ਦਿੱਤਾ । ਕਿਲੇ ਦੀ ਕੰਧ'ਤੇ ਚੜ੍ਹਕੇ ਸਾਰਿਆਂ ਨੇ ਇੱਕੋ ਹੀ ਤਕਬੀਰ ਦੇ ਨਾਅਰੇ ਬੁਲੰਦ ਕੀਤੇ ਅਤੇ ਨਾਲ ਹੀ ਸਾਰੀ ਫ਼ੌਜ ਨੇ ਐਨ੍ਹੇ ਜ਼ੋਰ ਨਾਲ ਨਾਰਾ ਮਾਰਿਆ ਕਿ ਕਿਲੇ ਦੀ ਧਰਤੀ ਹਿਲ ਗਈ । ਈਸਾਈਆਂ ਨੇ ਸਮਝਿਆ ਕਿ ਮੁਸਲਮਾਨ ਕਿਲੇ ਦੇ ਅੰਦਰ ਵੜ੍ਹ ਗਏ ਹਨ, ਉਹ ਹੋਸ਼ ਗਵਾਕੇ ਭੱਜ ਖੜੇ ਹੋਏ । ਹਜ਼ਰਤ ਜ਼ੁਬੈਰ ਨੇ ਕਿਲੇ ਦੀ ਕੰਧ ਤੋਂ ਲਥੱਕੇ ਕਿਲੇ ਦਾ ਦਰਵਾਜ਼ਾ ਖੋਲ ਦਿੱਤਾ ਅਤੇ ਸਾਰੀ ਫ਼ੌਜ ਅੰਦਰ ਵੜ੍ਹ ਗਈ। ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਜ਼ੁਬੈਰ ਦੇ ਜ਼ਿਕਰ ਦਾ ਬਾਕੀ ਹਿਸੱਾ ਇਨਸ਼ਅਲੱਾਹ ਭਵਿੱਖ ਵਿੱਚ ਬਿਆਨ ਕਰਾਂਗਾ ।

ਹਜ਼ੂਰ ਅਨਵਰ ਨੇ ਇਸ ਦੇ ਬਾਦ ਮੁਕਰੱਮ ਮਿਅਰਾਜ ਅਮਹਦ ਸਾਹਬ ਸ਼ਹੀਦ ਸਪੁਤੱਰ ਮਹਮੂਦ ਅਹਮਦ ਸਾਹਬ ਆਫ਼ ਡੋਗਰੀ ਗਾਰਡਨ ਜ਼ਿਲਾ ਪੇਸ਼ਾਵਰ ਦਾ ਜ਼ਿਕਰੇ ਖ਼ੈਰ ਕੀਤਾ । ਇਹਨਾ ਨੂੰ ਅਹਮਦੀਆਂ ਮੁਸਲਿਮ ਜਮਾਤ ਦੇ ਵਿਰੋਧੀਆਂ ਨੇ 12 ਅਗਸਤ ਨੂੰ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਸੀ । انا للہ وانا الیہ راجعون । ਆਪ ਨੇ ਫ਼ਰਮਾਇਆ ਅੱਜਕਲ ਪਾਕਿਸਤਾਨ ਵਿੱਚ ਵਿਰੋਧਤਾ ਜ਼ੋਰਾਂ'ਤੇ ਹੈ । ਅਲੱਾਹ ਤਆਲਾ ਇਹਨਾ ਸ਼ਰਪਸੰਦਾ ਦੇ ਸ਼ਰ ਇਹਨਾ'ਤੇ ਪਰਤਾਏ । ਇਹਨਾ ਦਿਨਾ ਵਿੱਚ ਸਾਨੂੰ ਬਹੁਤ ਦੁਆਵਾਂ ਕਰਨੀਆਂ ਚਾਹੀਦੀਆਂ ਹਨ ।

رب کل شیء خادمك رب فاحفظنی وانصرنی وارحمنی۔ اللھم انا نجعلك فی نحورھم ونعوذبك من شرورھم ਬਹੁਤ ਪੜ੍ਹਨ । ਦੁਰੂਦ ਸ਼ਰੀਫ਼ ਬਹੁਤ ਪੜ੍ਹਨ । ਅਲੱਾਹ ਤਆਲਾ ਹਰ ਅਹਮਦੀ ਨੂੰ ਇਹਨਾ ਸ਼ਰਪਸੰਦਾਂ ਦੀਆਂ ਸ਼ਰਾਰਤਾਂ ਤੋਂ ਸੁਰੱਖਿਅਤ ਰੱਖੇ । ਜਿਵੇਂ ਜਿਵੇਂ ਇਹ ਦੁਸ਼ਮਣੀ ਵੱਧ ਰਹੀ ਹੈ ਉਸੇ ਹੀ ਪ੍ਰਕਾਰ ਸਾਨੂੰ ਵੱਧ ਤੋਂ ਵੱਧ ਰੱਬ ਵੱਲ ਝੁਕੱਣਾ ਚਾਹਦਾ ਹੈ ।

ਇਸਦੇ ਬਾਦ ਹਜ਼ੂਰ ਅਨਵਰ ਨੇ ਅਜ਼ੀਜ਼ਮ ਅਦੀਬ ਅਹਮਦ ਨਾਸਿਰ ਮੁਰੱਬੀ ਜਮਾਤ ਅਹਮਦੀਆ ਦਾ ਅਤੇ ਮੁਕਰੱਮ ਹਮੀਦ ਅਹਮਦ ਸ਼ੇਖ਼ ਸਾਹਬ ਦਾ ਜ਼ਿਕਰ ਕੀਤਾ ਅਤੇ ਮਰਹੂਮੀਨ ਲਈ ਬਖਸ਼ਿਸ਼ ਦੀ ਦੁਆ ਕੀਤੀ ਅਤੇ ਜੁਮਏ ਦੇ ਬਾਦ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਨ ਦਾ ਐਲਾਨ ਕੀਤਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ
فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ
وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 21.08.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131